بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 11.12.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 11 ਦਸੰਬਰ 2015 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਦੁਨੀਆ ਇਸ ਸਮੇਂ ਅੱਗ ਦੇ ਜਿਸ ਢੇਰ ਦੇ ਕੰਢੇ ਉਪੱਰ ਖੜੀ ਹੈ ਉਹ ਕਿਸੇ ਸਮੇਂ ਵੀ ਅਜਿਹੀ ਅਵਸਥਾ ਹੋ ਸਕਦੀ ਹੈ ਕਿ ਉਹ ਉਸ ਵਿੱਚ ਡਿੱਗ ਜਾਏ । ਅਜਿਹੇ ਸਮੇਂ ਦੁਨੀਆ ਨੂੰ ਅੱਗ ਵਿੱਚ ਡਿਗੱਣ ਤੋਂ ਬਚਾਉਣ ਲਈ ਜਤਨ ਕਰਨਾ ਅਤੇ ਅਮਨ ਤੇ ਸਲਾਮਤੀ ਦੇਣ ਦਾ ਕੰਮ ਕਰਨਾ ਇਕ ਅਹਮਦੀ ਦਾ ਕਰਤਵ ਹੈ ਅਤੇ ਅਹਮਦੀ ਹੀ ਕਰ ਸਕਦੇ ਹਨ । ਅਸੀਂ ਆਪਣੇ ਗਿਆਨ ਤੇ ਅਮਲਾਂ ਰਾਹੀਂ ਦੁਨੀਆਂ ਨੂੰ ਦਸੱਣਾ ਹੈ ਕਿ ਦੁਨੀਆਂ ਨੂੰ ਆਪਣੀ ਸਲਾਮਤੀ ਤੇ ਅਮਨ ਦਾ ਖ਼ਤਰਾ ਇਸਲਾਮ ਤੋਂ ਨਹੀਂ ਸਗੋਂ ਉਹਨਾਂ ਲੋਕਾਂ ਤੋਂ ਹੈ ਜੋ ਇਸਲਾਮ ਵਿਰੋਧੀ ਹਨ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਦਿਨੀ ਇੱਥੇ ਇਕ ਅਖ਼ਬਾਰਾਂ ਵਿੱਚ ਕਾਲਮ ਲਿਖੱਣ ਵਾਲੇ ਨੇ ਇਕ ਕਾਲਮ ਲਿੱਖਿਆ ਅਤੇ ਇਸੇ ਪ੍ਰਕਾਰ ਇਕ ਆਸਟ੍ਰੇਲੀਯਨ ਰਾਜਨੇਤਾ ਨੇ ਵੀ ਕਿਹਾ ਕਿ ਇਸਲਾਮ ਦੀ ਸਿੱਖਿਆ ਵਿੱਚ ਜੋ ਜਿਹਾਦ ਅਤੇ ਹੋਰ ਦੂਜੇ ਆਦੇਸ਼ ਹਨ ਉਹਨਾ ਕਰਕੇ ਹੀ ਮੁਸਲਮਾਨ ਸ਼ਿਦੱਤ ਪਸੰਦ (ਕਟੱੜਪੰਥੀ) ਬਣਦੇ ਹਨ । ਇਸਲਾਮੀ ਆਦੇਸ਼ਾਂ ਬਾਰੇ ਬੀਤੇ ਦਿਨੀ ਯੂਕੇ ਦੇ ਵੀ ਇਕ ਹੁਕੂਮਤੀ ਰਾਜਨੇਤਾ ਨੇ ਇਹੋ ਕਿਹਾ ਸੀ ਕਿ ਇਸਲਾਮ ਵਿੱਚ ਕੁਝ ਨ ਕੁਝ ਤਾਂ ਕਟੱੜਤਾ ਦੇ ਆਦੇਸ਼ ਹਨ, ਸਖ਼ਤੀ ਕਰਨ ਦੇ ਆਦੇਸ਼ ਹਨ ਜਿਸ ਦੇ ਸਬਬ ਮੁਸਲਮਾਨਾਂ ਵਿੱਚ ਕਟੱੜਤਾ ਵੱਲ ਰੁਝਾਨ ਹੈ । ਕਹਿਣ ਤੇ ਲਿਖੱਣ ਵਾਲੇ ਇਹ ਵੀ ਲਿਖੱਦੇ ਤੇ ਕਹਿੰਦੇ ਹਨ ਕਿ ਠੀਕ ਹੈ ਦੂਜਿਆਂ ਧਰਮਾਂ ਵਿੱਚ ਵੀ ਸਖ਼ਤੀ ਤੇ ਕਟੱੜਤਾ ਹੈ, ਕਈ ਆਦੇਸ਼ ਹਨ ਪਰ ਉਹਨਾਂ ਦੇ ਮਨ੍ਹਣ ਵਾਲੇ ਜਾਂ ਤਾਂ ਹੁਣ ਉਹਨਾਂ'ਤੇ ਅਮਲ ਨਹੀਂ ਕਰਦੇ ਜਾਂ ਹਾਲਾਤਾਂ ਅਨੁਸਾਰ ਉਹਨਾਂ ਵਿੱਚ ਤਬਦੀਲੀਆਂ ਕਰ ਲਈਆਂ ਹਨ ਅਤੇ ਸਮੇਂ ਦੀ ਲੋੜ ਅਨੁਸਾਰ ਉਸ ਸਿੱਖਿਆ ਨੂੰ ਬਣਾ ਲਿਆ ਹੈ ਅਤੇ ਇਸ ਗੱਲ'ਤੇ ਉਹਨਾਂ ਦਾ ਜ਼ੋਰ ਹੈ ਕਿ ਹੁਣ ਕੁਰਆਨ ਕਰੀਮ ਨੂੰ ਇਸ ਜੁੱਗ ਅਨੁਸਾਰ ਉਸਦੇ ਆਦੇਸ਼ਾਂ ਨੂੰ ਢਾਲਣ ਦੀ ਲੋੜ ਹੈ । ਬਹਿਰਹਾਲ ਇਸ ਤੋਂ ਇਹ ਗੱਲ ਤਾਂ ਸਿੱਧ ਹੋ ਗਈ ਕਿ ਉਹਨਾਂ ਅਨੁਸਾਰ ਉਹਨਾਂ ਦੀ ਸਿੱਖਿਆ ਹੁਣ ਰੱਬ ਦੀ ਭੇਜੀ ਹੋਈ ਨਹੀਂ ਰਹੀ ਸਗੋਂ ਮਨੁੱਖਾਂ ਦੀ ਬਣਾਈ ਹੋਈ ਸਿੱਖਿਆ ਰਹਿ ਗਈ ਹੈ ਅਤੇ ਇਹ ਹੋਣਾ ਸੀ ਕਿਉਂਕਿ ਇਹਨਾਂ ਸਿੱਖਿਆਵਾਂ ਦੇ ਕਾਇਮ ਰਹਿਣ ਜਾਂ ਇਹਨਾਂ ਉਪੱਰ ਕਿਯਾਮਤ ਤੱਕ ਅਮਲ ਕਰਨ ਵਾਲੇ ਪੈਦਾ ਹੋਣ ਦਾ ਰੱਬ ਦਾ ਵਾਦਾ ਨਹੀਂ ਹੈ ਪਰ ਕੁਰਆਨ ਕਰੀਮ ਵਿੱਚ ਜੱਦ ਰੱਬ ਨੇ ਇਹ ਐਲਾਨ ਕੀਤਾ ਕਿ "ਇੰਨੱਾ ਨਹਨੁ ਨਜ਼ੱਲਨਜ਼ ਜ਼ਿਕਰਾ ਵ ਇੰਨੱਾ ਲਹੂ ਲਹਾਫ਼ਿਜ਼ੂਨ" (اِنَّا نَحۡنُ نَزَّلۡنَا الذِّکۡرَ وَاِنَّا لَہٗ لَحٰفِظُوۡنَ ﴿۹﴾) ਅਰਥਾਤ ਇਸ ਜ਼ਿਕਰ ਅਰਥਾਤ ਕੁਰਆਨ ਕਰੀਮ ਨੂੰ ਅਸੀਂ ਹੀ ਉਤਾਰਿਆ ਹੈ ਅਤੇ ਅਸੀਂ ਹੀ ਇਸ ਦੀ ਰੱਖਿਆ ਕਰਾਂਗੇ ਤਾਂ ਇਸ ਸੁਰੱਖਿਆ ਦੇ ਸਾਧਨ ਵੀ ਕੀਤੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਆਇਤ ਦੀ ਵੱਖ ਵੱਖ ਮੌਕਿਆਂ ਉਪੱਰ ਵੱਖ ਵੱਖ ਕਿਤਾਬਾਂ ਵਿੱਚ ਇਸ ਦੀ ਵਿਆਖਿਆ ਕੀਤੀ ਹੈ । ਇਕ ਥਾਂ ਆਪ ਫ਼ਰਮਾਉਂਦੇ ਹਨ ਕਿ ਰੱਬ ਦੀ ਇਹ ਆਦਿ ਤੋਂ ਆਦਤ ਹੈ ਕਿ ਜੱਦ ਇਕ ਕੌਮ ਨੂੰ ਕਿਸੇ ਕਰਮ ਤੋਂ ਮਨਾ ਕਰਦਾ ਹੈ ਤਾਂ ਅਵਸ਼ ਉਸ ਦੀ ਤਕਦੀਰ ਵਿੱਚ ਇਹ ਹੁੰਦਾ ਹੈ ਕਿ ਉਹਨਾਂ ਵਿੱਚੋਂ ਕਈ ਉਸ ਕਰਮ ਵਿੱਚ ਗ੍ਰਿਸੇ ਹੋਣਗੇ । ਜਿਵੇਂ

ਕਿ ਉਸ ਨੇ ਤੌਰਾਤ ਵਿੱਚ ਯਹੂਦੀਆਂ ਨੂੰ ਮਨਾ ਕੀਤਾ ਸੀ ਕਿ ਤੁਸੀਂ ਤੌਰਾਤ ਤੇ ਦੂਜੀਆਂ ਰੱਬ ਦੀਆਂ ਕਿਤਾਬਾਂ ਵਿੱਚ ਵਿਗਾੜ ਨ ਕਰਿਓ । ਸੋ, ਉਹਨਾਂ ਵਿੱਚ ਕਈਆਂ ਨੇ ਉਸ ਵਿੱਚ ਵਿਗਾੜ ਕੀਤਾ, ਉਸ ਨੂੰ ਬਦਲਿਆ । ਪਰ ਕੁਰਆਨ ਕ਼ਰੀਮ ਵਿੱਚ ਇਹ ਨਹੀਂ ਕਿਹਾ ਗਿਆ ਕਿ ਤੁਸੀਂ ਕੁਰਆਨ ਕਰੀਮ ਵਿੱਚ ਵਿਗਾੜ ਨ ਕਰਨਾ, ਉਸ ਨੂੰ ਬਦਲਿਓ ਨ । ਸਗੋਂ ਇਹ ਕਿਹਾ ਗਿਆ ਕਿ ''ਇੱਨਾ ਨਹਨੁ ਨਜ਼ੱਲਨਜ਼ ਜ਼ਿਕਰਾ ਵ ਇੱਨਾ ਲਹੂ ਲਹਾਫ਼ਿਜ਼ੂਨ'' (إِنَّا نَحْنُ نَزَّلْنَا الذِّكْرَ وَإِنَّا لَهُ لَحٰفِظُوْنَ ۝٩) ਫਿਰ ਆਪ ਫ਼ਰਮਾਉਂਦੇ ਹਨ ਕਿ ਇਹ ਪ੍ਰਤੱਖ ਰੂਪ ਵਿੱਚ ਦੱਸ ਰਹੀ ਹੈ ਕਿ ਜੱਦ ਇਕ ਕੌਮ ਪੈਦਾ ਹੋਵੇਗੀ ਕਿ ਇਸ ਜ਼ਿਕਰ' (ਕੁਰਆਨ ਕਰੀਮ) ਨੂੰ ਦੁਨੀਆਂ ਵਿੱਚੋਂ ਮਿਟਾਉਣਾ ਚਾਹੇਗੀ, ਉਸ ਸਮੇਂ ਰੱਬ ਅਕਾਸ਼ ਤੋਂ ਆਪਣੇ ਕਿਸੇ 'ਫ਼ਰਸਤਾਦੇ' (ਸੁਧਾਰਕ) ਰਾਹੀਂ ਇਸ ਦੀ ਸੁਰੱਖਿਆ ਕਰੇਗਾ । ਸੋ, ਸਮੇਂ ਸਮੇਂ'ਤੇ ਇਹ ਲੋਕ ਕੁਰਆਨ ਕਰੀਮ ਦੀ ਸਿੱਖਿਆ ਉਪੱਰ ਇਤਰਾਜ਼ ਕਰਕੇ ਇਸ ਦੀ ਸਿੱਖਿਆ ਨੂੰ ਮਿਟਾਉਣਾ ਚਾਹੁੰਦੇ ਹਨ ਕਿਉਂਕਿ ਉਹਨਾਂ ਦੀ ਆਪਣੀ ਸਿੱਖਿਆ ਜਾਂ ਤਾਂ ਮਿਟ ਗਈ ਹੈ ਜਾਂ ਕੇਵਲ ਕਿਤਾਬਾਂ ਤੱਕ ਰਹਿ ਗਈ ਹੈ । ਬੀਤੇ ਦਿਨੀ ਇਹ ਵੱਖ ਵੱਖ ਢੰਗ ਮੈਸੇਜ ਭੇਜਣ ਦੇ ਜਾਂ ਟਵੀਟ ਕਰਨ ਦੇ ਹਨ, ਵਟਸ ਐਪ ਆਦਿ ਵੀ । ਇਸ'ਤੇ ਇਕ ਛੋਟੀ ਜਿਹੀ ਫਿਲਮ ਚਲ ਰਹੀ ਸੀ ਜਿਸ ਵਿੱਚ ਦੋ ਲੜਕੇ ਇਕ ਕਿਤਾਬ ਵਿੱਚ ਜਿਸ ਦੇ ਬਾਹਰ ਕੁਰਆਨ ਕਰੀਮ ਲਿੱਖਿਆ ਹੋਇਆ ਸੀ ਲੋਕਾਂ ਨੂੰ ਕੁਝ ਆਇਤਾਂ ਜਾਂ ਕੁਝ ਭਾਗ ਪੜ੍ਹਕੇ ਸੁਣਾ ਰਹੇ ਸਨ ਕਿ ਇਹ ਕਿਹੋ ਜਿਹੀ ਸਿੱਖਿਆ ਹੈ । ਹਰ ਇਕ ਨੂੰ ਜੱਦ ਇਹ ਪਤਾ ਲਗੱਦਾ ਸੀ ਕਿ ਇਹ ਕੁਰਆਨ ਕਰੀਮ ਹੈ (ਬਾਹਰ ਲਿੱਖਿਆ ਹੋਇਆ ਸੀ) ਇਸਲਾਮ ਦੀਆਂ ਬੁਰਾਈਆਂ ਕਰ ਰਿਹਾ ਸੀ । ਕੁਝ ਦੇਰ ਬਾਦ ਇਹਨਾਂ ਲੜਕਿਆਂ ਨੇ ਉਸ ਕਿਤਾਬ ਦਾ ਕਵਰ ਉਤਾਰ ਦਿੱਤਾ ਅਤੇ ਦਿਖਾਇਆ ਕਿ ਇਹ ਇਸਲਾਮ ਦੀ ਨਹੀਂ ਇਹ ਬਾਈਬਲ ਦੀ ਸਿੱਖਿਆ ਹੈ ਕਿਉਂਕਿ ਇਹ ਬਾਈਬਲ ਹੈ ਜੋ ਅਸੀਂ ਪੜ੍ਹ ਰਹੇ ਸੀ । ਪਰ ਕਿਸੇ ਨੇ ਉਸ'ਤੇ ਕੋਈ ਵਿਪਰੀਤ ਟਿਪਣੀ ਨਹੀਂ ਕੀਤੀ । ਇਸਲਾਮ ਦਾ ਨਾਂ ਆਉਂਦਾ ਹੈ ਤਾਂ ਝੱਟ ਵਿਪਰੀਟ ਟਿਪਣੀ । ਬਸ ਹੱਸ ਕੇ ਚੁੱਪ ਹੋ ਗਏ ਸਾਰੇ, ਇਹ ਉਹਨਾਂ ਦਾ ਹਾਲ ਹੈ । ਜੇਕਰ ਇਕ ਮੁਸਲਮਾਨ ਗ਼ਲਤ ਹਰਕਤ ਕਰਦਾ ਹੈ ਤਾਂ ਇਸਲਾਮ ਵੱਲ ਮੜ੍ਹ ਦਿੰਦੇ ਹਨ । ਜੇਕਰ ਕਿਸੇ ਦੂਜੇ ਧਰਮ ਵਾਲਾ ਕਰਦਾ ਹੈ ਤਾਂ ਕਹਿੰਦੇ ਹਨ ਵਿਚਾਰਾ ਅਯੋਗ (ਅਸਮਰਥ) ਹੈ ਪਾਗਲ ਹੈ । ਅਸੀਂ ਮਨ੍ਹਦੇ ਹਾਂ ਕਿ ਕੁਝ ਮੁਸਲਿਮ ਜੱਥੇਬੰਦੀਆਂ ਨੇ ਇਸਲਾਮ ਦੇ ਨਾਂ'ਤੇ ਗ਼ਲਤ ਅਮਲ ਨੇ ਇਸਲਾਮ ਨੂੰ ਬਦਨਾਮ ਕੀਤਾ ਹੈ ਪਰ ਇਸ'ਤੇ ਕੁਰਆਨ ਕਰੀਮ ਦੀ ਸਿੱਖਿਆ ਨੂੰ ਨਿਸ਼ਾਨਾ ਬਨਾਉਣਾ ਅਤੇ ਅੰਤ ਤੱਕ ਚਲੇ ਜਾਣਾ ਵੀ ਇਸਲਾਮ ਦੇ ਵਿਰੁਧ ਦਿਲਾਂ ਦੇ ਕੀਨੇ, ਸਾੜੇ ਤੇ ਦੁਰਭਾਵਨਾ ਦਾ ਪ੍ਰਗਟਾਵਾ ਹੈ । ਇਸ ਦਾ ਇਕ ਅਤਿ ਪ੍ਰਗਟਾਵਾ ਤਾਂ ਅੱਜ ਕੱਲ ਅਮਰੀਕਾ ਦੇ ਇਕ ਰਾਸ਼ਟਰਪਤੀ ਚੋਣ ਦੇ ਉਮੀਦਵਾਰ ਦਾ ਇਸਲਾਮ ਤੇ ਮੁਸਲਮਾਨਾ ਦੇ ਵਿਰੁਧ ਬੋਲ੍ਹਣਾ ਹੈ ।

ਬਹਿਰਹਾਲ ਇਸਲਾਮ ਦੇ ਵਿਰੁਧ ਜੋ ਚਾਹੇ ਇਹ ਬੋਲਦੇ ਰਹਿਣ ਪਰ ਇਸਲਾਮ ਦੀ ਸੁੰਦਰ ਸਿੱਖਿਆ ਦਾ ਮੁਕਾਬਲਾ ਨ ਕਿਸੇ ਧਾਰਮਕ ਸਿੱਖਿਆ ਨਾਲ ਇਹ ਕਰ ਸਕਦੇ ਹਨ ਅਤੇ ਨ ਹੀ ਆਪਣੇ ਬਣਾਏ ਹੋਏ ਨੀਯਮ ਕਰ ਸਕਦੇ ਹਨ । ਇਹ ਕਹਿੰਦੇ ਹਨ ਕਿ ਅਸੀਂ ਹਾਲਾਤਾਂ ਅਨੁਸਾਰ ਨੀਯਮ ਬਦਲ ਦਿੱਤੇ ਹਨ । ਰੱਬ ਨੇ ਇਸ ਜੁੱਗ ਵਿੱਚ ਵੀ ਆਪਣੇ ਵਾਦੇ ਅਨੁਸਾਰ ਕੁਰਆਨ ਕਰੀਮ ਦੀ ਸੁਰੱਖਿਆ ਲਈ ਇਕ 'ਫ਼ਰਸਤਾਦੇ' (ਸੁਧਾਰਕ) ਨੂੰ ਭੇਜਿਆ ਜਿੰਨ੍ਹਾ ਨੇ ਇਸਲਾਮ ਦੀ ਸੁੰਦਰ ਸਿੱਖਿਆ ਨਾਲ ਸਾਨੂੰ ਜਾਣੂ ਕਰਾਇਆ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ ਕਿ ਕਰੁਆਨ ਕਰੀਮ ਜਿਸ ਦਾ ਦੂਜਾ ਨਾਂ 'ਜ਼ਿਕਰ' ਹੈ ਇਸ ਦੇ ਅਰੰਭਕ ਜੁੱਗ ਵਿੱਚ ਮਨੁੱਖ ਭੀਤਰ ਲੁਕੀਆਂ ਹੋਈਆਂ ਅਤੇ ਭੁੱਲੀਆਂ ਹੋਈਆਂ ਸਚੱਾਈਆਂ ਅਤੇ ਰੱਬ ਦੀ ਅਮਾਨਤ ਚੇਤੇ ਕਰਾਉਣ ਲਈ ਆਇਆ ਸੀ । ਰੱਬ ਦੇ ਉਸ ਪੱਕੇ ਵਾਦੇ ਅਨੁਸਾਰ ਕਿ 'ਇੱਨਾ ਲਹੂ ਲਹਾਫ਼ਿਜ਼ੂਨ' (إِنَّا لَهُ لَحٰفِظُوْنَ ۝٩) ਇਸ ਜੁੱਗ ਵਿੱਚ ਵੀ ਅਕਾਸ਼ ਤੋਂ ਇਕ ਸੁਧਾਰਕ ਆਇਆ ਜੋ ''ਆਖ਼ਰੀਨਾ ਮਿਨਹੁਮ ਲਮੱਾ ਯਲਹਕੁ ਬਿਹਿਮ'' (اٰخرین منھم لما یلحقوا بھم) ਦਾ ਪ੍ਰਮਾਣੀਕਰਣ (ਤਸਦੀਕ ਮਰਨ ਵਾਲੇ) ਤੇ ਮੌਊਦ (ਜਿਸਦਾ ਵਾਦਾ ਦਿਤੱਾ ਗਿਆ) ਹੈ । ਉਹ ਉਹੋ ਹੈ ਜੋ ਤੁਹਾਡੇ ਵਿੱਚ ਬੋਲ ਰਿਹਾ ਹੈ । ਸੋ, ਮੁਬਾਰਕ ਹਨ ਉਹ ਲੋਕ ਜੋ ਇਸ ਸਿਲਸਿਲੇ (ਜਮਾਤ) ਦੀ ਕਦਰ ਕਰਦੇ ਹਨ ਅਰਥਾਤ ਆਪ ਦੀ ਜਮਾਤ ਵਿੱਚ ਸ਼ਮਾਲ ਹੋਏ ਹਨ ।

ਫਿਰ ਆਪ ਨੇ ਫ਼ਰਮਾਇਆ ਕਿ ਰੱਬ ਨੇ ਆਪਣੇ ਵਾਦੇ ਅਨੁਸਾਰ ਕੁਰਆਨ ਕਰੀਮ ਦੀ ਵੱਡਿਆਈ ਨੂੰ ਕਾਇਮ ਰਖੱਣ ਲਈ ਚੋਦਵੀਂ ਸਦੀ ਦੇ ਸਿਰ ਉਪੱਰ ਮੈਨੂੰ ਭੇਜਿਆ ਹੈ । ਫਿਰ ਫ਼ਰਮਾਇਆ ਕਿ ਕੁਰਆਨ ਕਰੀਮ ਦੀ ਤਾਈਦ ਤੇ ਪਖੱਤਾ ਸਾਡੇ ਨਾਲ ਹੈ ।

ਇਹ ਅੱਜ ਕਿਸੇ ਹੋਰ ਧਰਮ ਦੇ ਪੈਰੋਕਾਰ ਨੂੰ ਨਸੀਬ ਨਹੀਂ । ਜੋ ਜੱਥੇਬੰਦੀਆਂ ਜਾਂ ਲੋਕ ਤਲਵਾਰ ਦੇ ਜ਼ੋਰ ਨਾਲ ਇਸਲਾਮ ਫੈਲਣ ਦਾ ਦਾਵਾ ਕਰਦੇ ਹਨ । ਵਾਸਤਵ ਵਿੱਚ ਇਸਲਾਮ ਵਿਰੋਧੀ ਸ਼ਕਤੀਆਂ ਦੇ ਆਲ੍ਹਾਕਾਰ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਸਪਸ਼ਟ ਰੂਪ ਵਿੱਚ ਦੱਸ ਦਿਤੱਾ ਹੈ ਕਿ ਇਹ ਜੁੱਗ ਤਲਾਵਾਰ ਦੇ ਜਿਹਾਦ ਦਾ ਜੁੱਗ ਨਹੀਂ ਹੈ ਅਤੇ ਤਲਵਾਰ ਦੇ ਜਿਹਾਦ ਦੀ ਆਗਿਆ ਵੀ ਉਹਨਾਂ ਹਾਲਾਤ ਦੀਆਂ ਸ਼ਰਤਾਂ ਅਧੀਨ ਮਿਲੀ ਸੀ ਜੋ ਇਸਲਾਮ ਦੇ ਅਰੰਭਕ ਜੁੱਗ ਵਿੱਚ ਪੈਦਾ ਹੋਏ ਸਨ ਕਿ ਦੁਸ਼ਮਣ ਇਸਲਾਮ ਨੂੰ ਤਲਵਾਰ ਦੇ ਜ਼ੋਰ ਨਾਲ ਖ਼ਤਮ ਕਰਨਾ ਚਾਹੁੰਦਾ ਸੀ । ਇਸਲਾਮ ਅਮਨ ਤੇ ਪਿਆਰ ਦੀ ਸਿੱਖਿਆ ਨਾਲ ਭਰਿਆ ਪਿਆ ਹੈ । ਮੁਸਲਮਾਨਾਂ ਨੂੰ ਵੀ ਦਸੱਣਾ ਹੋਵੇਗਾ ਕਿ ਆਪੋ ਵਿੱਚ ਮਾਰ ਧਾੜ, ਕਤਲ ਤੇ ਫ਼ਿਰਕਾ ਪ੍ਰਸਤੀ ਨਾਲ ਤੁਸੀਂ ਇਸਲਾਮ ਨੂੰ ਬਦਨਾਮ ਕਰ ਰਹੇ ਹੋ । ਬੇਸ਼ਕ ਸਾਡੇ ਕੋਲ ਬਹੁਤੇ ਸਾਧਨ ਤਾਂ ਨਹੀਂ ਹਨ ਪਰ ਜਿੱਥੋਂ ਤੱਕ ਅਸੀਂ ਪ੍ਰੈਸ ਤੇ ਮੀਡੀਆ ਅਤੇ ਹੋਰਨਾ ਸਾਧਨਾ ਰਾਹੀਂ ਇਹ ਕੰਮ ਕਰ ਸਕਦੇ ਹਾਂ ਹਰ ਇਕ ਦੇਸ਼ ਵਿੱਚ ਹਰ ਸ਼ਹਿਰ ਵਿੱਚ ਕਰਨੇ ਚਾਹੀਦੇ ਹਨ । ਇਸ ਸਮੇਂ ਦੁਨੀਆ ਨੂੰ ਇਸਲਾਮ ਦੀ ਹਕੀਕੀ ਸਿੱਖਿਆ ਤੇ ਵਾਸਤਵਿਕ ਰੂਪ ਦਿਖਾਉਣਾ ਬਹੁਤ ਜ਼ਰੂਰੀ ਹੈ ।

ਬੀਤੇ ਦਿਨੀ ਇੱਥੇ ਬ੍ਰਿਟਿਸ਼ ਪਾਰਲੀਮੈਂਟ ਵਿੱਚ ਗਲਾਸਕੋ ਦੇ ਇਕ ਐਮ.ਪੀ.ਏ. ਨੇ ਇਸਲਾਮ ਦੀ ਹਕੀਕਤ ਬਾਰੇ ਜਮਾਤ ਅਹਮਦੀਆ ਦੇ ਹਵਾਲੇ ਨਾਲ ਦੱਸਿਆ, ਇਹ ਦੱਸ ਕੇ ਕਿਹਾ ਕਿ ਇਸਲਾਮ ਦੀ ਅਮਨ ਅਤੇ ਸ਼ਾਂਤੀ ਦੀ ਸਿੱਖਿਆ ਉਪੱਰ ਅਮਲ ਕਰਨ ਵਾਲੇ ਅਹਮਦੀ ਮੁਸਲਮਾਨ ਹਨ ਅਤੇ ਉਹਨਾਂ ਦੇ ਗਲਾਸਕੋ ਵਿੱਚ ਇਕ ਪੀਸ ਸਿੰਮਪੋਜ਼ੀਯਮ ਸੀ ਉਸ ਵਿੱਚ ਸ਼ਾਮਲ ਹੋਈ ਸੀ ਅਤੇ ਉਸ ਨੇ ਬਹੁਤ ਪ੍ਰਸ਼ੰਸਾ ਕੀਤੀ । ਇਸ'ਤੇ ਓਥੇ ਬੈਠੀ ਹੋਈ ਗ੍ਰਹਿ ਮੰਤਰੀ (ਹੋਮ ਮਨਿਸਟਰ) ਨੇ ਵੀ ਕਿਹਾ ਕਿ ਜੋ ਇਸਲਾਮ ਅਹਮਦੀ ਪੇਸ਼ ਕਰਦੇ ਹਨ ਉਹ ਵਾਸਤਵ ਵਿੱਚ ਇਸ ਤੋਂ ਬਿਲਕੁਲ ਵਖੱਰਾ ਹੈ, ਜੋ ਇਸਲਾਮੀ ਕਟੱੜਤਾ ਦਿਖਾਉਦੇ ਹਨ । ਵਾਸਤਵ ਵਿੱਚ ਅਹਮਦੀ ਅਮਨ ਪਸੰਦ ਸ਼ਹਿਰੀ ਹਨ । ਅਤੇ ਹਕੀਕਤ ਇਹ ਹੈ ਕਿ ਅਹਮਦੀ ਕੋਈ ਨਵੀ ਸਿੱਖਿਆ ਨਹੀਂ ਪੇਸ਼ ਕਰਦੇ, ਕੁਰਆਨ ਕਰੀਮ ਦੀ ਸਿੱਖਿਆ ਪੇਸ਼ ਕਰਦੇ ਹਨ । ਬੀਤੇ ਦਿਨੀ ਜੱਦ ਮੈਂ ਜਪਾਨ ਵਿੱਚ ਸੀ ਓਥੇ ਵੀ ਪੜ੍ਹੇ ਲਿਖੇ ਵਰਗ ਦਾ ਇਹ ਪ੍ਰਗਟਾਵਾ ਸੀ, ਸਗੋਂ ਇਕ ਈਸਾਈ ਪਾਦਰੀ ਨੇ ਵੀ ਕਿਹਾ ਕਿ ਇਸਲਾਮ ਦੀ ਸਿੱਖਿਆ ਜੋ ਤੁਸੀਂ ਕੁਰਆਨ ਕਰੀਮ ਦੇ ਚਾਨ੍ਹਣੇ ਵਿੱਚ ਦੱਸ ਰਹੇ ਹੋ ਇਸ ਨੂੰ ਜਾਨਣ ਦੀ ਜਪਾਨੀਆਂ ਨੂੰ ਬਹੁਤ ਲੋੜ ਹੈ, ਸਗੋਂ ਦੁਨੀਆ ਨੂੰ ਲੋੜ ਹੈ । ਹੁਣ ਇਹ ਜਪਾਨ ਦੀ ਜਮਾਤ ਦਾ ਵੀ ਕੰਮ ਹੈ ਕਿ ਸਾਮੂਹਿਕ ਵਿਉਂਤਬੰਦੀ ਕਰਕੇ ਇਸ ਗੱਲ ਨੂੰ ਤਾਜ਼ਾ ਰਖੱਣ । ਇਸੇ ਪ੍ਰਕਾਰ ਏਥੇ ਵੀ ਇਸ ਦੇਸ਼ ਵਿੱਚ ਵੀ ਯੂਕੇ ਵਿੱਚ ਵੀ ਅਤੇ ਦੁਨੀਆ ਦੇ ਹੋਰਨਾ ਦੇਸ਼ਾਂ ਵਿੱਚ ਵੀ ਇਸਲਾਮ ਦੀ ਸੁੰਦਰ ਸਿੱਖਿਆ ਦਾ ਵਿਸਥਾਰ ਜਿਵੇਂ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਹੋਇਆ ਹੈ ਇਸਨੂੰ ਫੈਲਾਓ ।

ਸੋ, ਇਸ ਜੁੱਗ ਵਿੱਚ ਕੁਰਆਨ ਕਰੀਮ ਦੀ ਸੁਰੱਖਿਆ ਦਾ ਕੰਮ ਰੱਬ ਨੇ ਆਪ ਤੋਂ ਕੰਮ ਲਿਆ ਹੈ ਹਜ਼ਰਤ ਮਸੀਰਹ ਮੌਊਦ ਅਲੈਹਿ ਸਲਾਮ ਤੋਂ ਲਿਆ ਹੈ ਅਤੇ ਇਹੋ ਕੰਮ ਹਰ ਇਕ ਅਹਮਦੀ ਦਾ ਹੈ ਕਿ ਹਰ ਵਰਗ ਦੇ ਹਰ ਸੁਭਾਵ ਦੇ ਲੋਕਾਂ ਤੱਕ ਇਸ ਸੰਦੇਸ਼ ਨੂੰ ਪਹੁੰਚਾਓ ਅਤੇ ਹਰ ਥਾਂ ਇਸ ਕੰਮ ਨੂੰ ਨੇਪਰੇ ਚਾੜ੍ਹਦਿਆਂ ਹੋਇਆਂ ਆਪ ਅਲੈਹਿ ਸਲਾਮ ਦੀ ਬੈਅਤ ਵਿੱਚ ਆਉਣ ਦਾ ਹੱਕ ਪੂਰਾ ਕਰੋ।

ਇਸ ਸਮੇਂ ਮੈਂ ਕੁਝ ਉਧਾਰਣਾ ਪੇਸ਼ ਕਰਦਾ ਹਾਂ ਜੋ ਇਸਲਾਮ ਦੀ ਅਮਨ ਤੇ ਸ਼ਾਂਤੀ ਦੀ ਸੁੰਦਰ ਸਿੱਖਿਆ ਨੂੰ ਦਰਸ਼ਾਉਂਦੀ ਹੈ : ਕਰਆਨ ਕਰੀਮ ਵਿੱਚ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ "ਲਾ ਇਕਰਾਹਾ ਫ਼ਿੱਦੀਨ" (لَآ اِكۡرَاهَ فِى الدِّيۡنِ) ਕਿ ਧਰਮ ਵਿੱਚ ਕੋਈ ਜਬਰ ਨਹੀਂ । ਫਿਰ ਫ਼ਰਮਾਇਆ "ਵਲੌ ਸ਼ਾਆ ਰੱਬੁਕਾ ਲ ਆਮਾਨਾ ਮਨ ਫ਼ਿਲ ਅਰਜ਼ਿ ਕੁਲੁੱਹੁਮ ਜਮੀਆ, ਆਫ਼ਾਅੰਤਾ ਤੁਕਰਿਹੁਨੱਾਸਾ ਹਤੱਾ ਯਕੂਨੂ ਮੋਮਿਨੀਨ 0 (ਸੂਰਤ ਯੂਨੁਸ 99)" (وَلَوۡ شَآءَ رَبُّكَ لَاٰمَنَ مَنۡ فِى الۡاَرۡضِ كُلُّهُمۡ جَمِيۡعًا‌ؕ اَفَاَنۡتَ تُكۡرِهُ النَّاسَ حَتّٰى يَكُوۡنُوۡا مُؤۡمِنِيۡنَ ۹۹ ﴿يونس: ۹۹﴾) ਅਰਥ : 'ਅਤੇ ਜੇਕਰ ਰੱਬ ਆਪਣੀ ਹੀ ਮਰਜ਼ੀ ਜ਼ੋਰ ਨਾਲ ਮਨਵਾਉਂਦਾ ਤਾਂ ਸਾਰੇ ਹੀ ਲੋਕ ਜੋ ਧਰਤੀ'ਤੇ ਵਸਦੇ ਹਨ, ਉਹ ਸਾਰੇ ਹੀ ਈਮਾਨ ਲੈ ਆਉਂਦੇ । ਸੋ, ਜੱਦ ਰੱਬ ਵੀ ਮਜਬੂਰ ਨਹੀਂ ਕਰਦਾ ਤਾਂ ਤੂੰ ਕੀ ਲੋਕਾਂ ਨੂੰ ਮਜਬੂਰ ਕਰੇਂਗਾ ਕਿ ਉਹ ਈਮਾਨ ਲੈ ਆਉਣ' । ਹਜ਼ਰਤ ਮਸੀਹ ਮੌਊਦ ਅਲ਼ੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ ਕਿ ਇਸਲਾਮ ਨੇ ਕਦੇ ਵੀ ਜਬਰ ਦਾ ਮਸਲਾ ਨਹੀਂ ਸਿਖਾਇਆ । ਹੁਣ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੂੰ ਵੀ ਰੱਬ ਫ਼ਰਮਾਉਂਦਾ ਹੈ ਕਿ ਜੇਕਰ ਰੱਬ ਚਾਹੁੰਦਾ ਕਿ 'ਲ ਆਮਾਨਾ ਮਨ ਫ਼ਿਲ ਅਰਜ਼ਿ ਕੁਲੁੱਹੁਮ ਜਮੀਆ' (لَاٰمَنَ مَنۡ فِى الۡاَرۡضِ كُلُّهُمۡ جَمِيۡعًا) ਕਿ ਜੇਕਰ ਰੱਬ ਚਾਹੁੰਦਾ

ਤਾਂ ਫਿਰ ਹਰ ਕੋਈ ਜੋ ਇਸ ਧਰਤੀ ਵਿੱਚ ਵਸਦਾ ਹੈ ਉਹ ਈਮਾਨ ਲੈ ਆਉਂਦਾ, ਪਰ ਰੱਬ ਨੇ ਨਹੀ ਚਾਹਿਆ, ਇਸ ਲਈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਇਛੱਾ ਹੁੰਦਿਆਂ ਹੋਇਆਂ ਵੀ ਰੱਬ ਨੇ ਇਹੋ ਫ਼ਰਮਾਇਆ ਕਿ ਤੁਹਾਡੇ ਆਖਣ ਨਾਲ ਵੀ ਇਹ ਨਹੀਂ ਹੋਵੇਗਾ । ਇਸ ਲਈ ਇਸ ਗੱਲ ਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਅਤੇ ਇਹੋ ਇਕ ਸਿੱਖਿਆ ਹੈ ਜੋ ਬਹੁਤ ਹੀ ਸਪਸ਼ਟ ਰੂਪ ਵਿੱਚ ਪ੍ਰਕਟ ਕਰਦੀ ਹੈ ਕਿ ਇਸਲਾਮ ਵਿੱਚ ਜਬਰ ਨਹੀਂ ਹੈ । ਫਿਰ ਆਪ ਫ਼ਰਮਾਉਂਦੇ ਹਨ ਇਸਲਾਮ ਦੀਆਂ ਲੜਾਈਆਂ ਤਿੰਨ ਪ੍ਰਕਾਰ ਤੋਂ ਬਾਹਰ ਨਹੀਂ । ਅਰਥਾਤ ਇਸਲਾਮ ਵਿੱਚ ਤਿੰਨ ਪ੍ਰਕਾਰ ਦੀਆਂ ਲੜਾਈਆਂ (ਜੁੱਧ) ਹਨ । ਜੱਦ ਸਖ਼ਤੀ ਹੋਈ ਜਾਂ ਅਗਿਆ ਹੈ ਸਖ਼ਤੀ ਕਰਨ ਦੀ । ਰੱਖਿਅਕ ਤੋਰ'ਤੇ ਅਰਥਾਤ ਆਪਣੀ ਸੁਰੱਖਿਆ ਲਈ । (ਆਪਣੀ ਸੁਰੱਖਿਆ ਲਈ ਜੇਕਰ ਕੋਈ ਤੁਹਾਡੇ ਉਪੱਰ ਹਮਲਾ ਕਰੇ ਤਾਂ ਉਸ ਸਮੇਂ ਹੱਥਿਆਰ ਚੁੱਕਿਆ ਜਾ ਸਕਦਾ ਹੈ ।) ਦੰਡ ਦੇ ਰੂਪ ਵਿੱਚ ਅਰਥਾਤ ਖ਼ੂਨ ਦੇ ਰੂਪ ਵਿੱਚ ਖ਼ੂਨ (ਕਤਲ ਦੇ ਬਦਲੇ ਕਤਲ) । (ਉਸ ਸਮੇਂ ਜੱਦ ਕਿਸੇ ਨੂੰ ਦੰਡ ਦੇਣਾ ਹੋਵੇ ਅਤੇ ਦੂਜਿਆਂ ਨੇ ਹਮਲਾ ਕੀਤਾ ਹੈ ਰਕਤ ਵਹਾਇਆ ਹੈ ਤਾਂ ਬਹਿਰਹਾਲ ਦੰਡ ਦੇ ਰੂਪ ਵਿੱਚ ਚਾਹੇ ਉਹ ਜੰਗ ਹੈ ਜਾਂ ਆਮ ਹਾਲਾਤ ਹਨ ਉਸ ਸਮੇਂ ਹੱਥਿਆਰ ਵਰਤਿਆ ਗਿਆ ਹੈ ਜਾਂ ਦੰਡ ਦਿਤੱਾ ਗਿਆ ਹੈ ਜਾਂ ਕਤਲ ਕੀਤਾ ਗਿਆ ਹੈ) ਅਤੇ ਤੀਜੇ ਨੰਬਰ'ਤੇ ਬਤੌਰ ਆਜ਼ਾਦੀ ਕਾਇਮ ਕਰਨ ਲਈ ਰੋਕਾਂ ਪਾਉਣ ਵਾਲਿਆਂ ਦੀ ਸ਼ਕਤੀ ਤੋੜਨ ਲਈ ਜੋ ਮੁਸਲਮਾਨ ਹੋਣ ਦੀ ਅਵਸਥਾ ਵਿੱਚ ਕਤਲ ਕਰਦ ਸਨ । ਕੁਰਆਨ ਕਰੀਮ ਵਿੱਚ ਸਪਸ਼ਟ ਆਦੇਸ਼ ਹੈ ਕਿ ਧਰਮ ਨੂੰ ਫੈਲਾਉਣ ਲਈ ਤਲਵਾਰ ਨ ਉਠਾਓ ਅਤੇ ਧਰਮ ਦੀਆਂ ਨਿੱਜੀ ਖ਼ੂਬੀਆਂ ਵਰਨਣ ਕਰੋ ਅਤੇ ਨੇਕ ਨਮੂਨਿਆਂ ਰਾਹੀਂ ਆਪਣੇ ਵੱਲ ਆਕਰਸ਼ਤ ਕਰੋ ਅਤੇ ਇਹ ਨ ਵਿਚਾਰ ਕਰੋ ਕਿ ਅਰੰਭ ਵਿੱਚ ਇਸਲਾਮ ਵਿੱਚ ਤਲਵਾਰ ਦਾ ਹੁਕਮ ਹੋਇਆ ਕਿਉਂਕਿ ਉਹ ਤਲਵਾਰ ਧਰਮ ਨੂੰ ਫੈਲਾਉਣ ਲਈ ਨਹੀਂ ਖਿੱਚੀਆਂ ਗਈਆਂ ਸਨ, ਸਗੋਂ ਦੁਸ਼ਮਣ ਦੇ ਹਮਲਿਆਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਅਤੇ ਜਾਂ ਅਮਨ ਕਾਇਮ ਕਰਨ ਲਈ ਖਿੱਚੀਆਂ ਗਈਆਂ ਸਨ, ਪਰ ਧਰਮ ਲਈ ਜਬਰ ਕਰਨਾ ਕਦੇ ਵੀ ਮੰਤਵ ਨਹੀਂ ਸੀ । ਫ਼ਰਮਾਇਆ ਜੋ ਲੋਕ ਮੁਸਲਮਾਨ ਅਖਵਾ ਕੇ ਕੇਵਲ ਇਹੋ ਗੱਲ ਜਾਣਦੇ ਹਨ ਕਿ ਇਸਲਾਮ ਤਲਵਾਰ ਦੇ ਜੋਰ ਨਾਲ ਫੈਲਣਾ ਚਾਹੀਦਾ ਹੈ ਉਹ ਇਸਲਾਮ ਦੀ ਆਪਣੀਆਂ ਖ਼ੂਬੀਆਂ ਤੋਂ ਜਾਣੂ ਨਹੀਂ ਹਨ । ਧਾਰਮ ਦੀਆਂ ਖ਼ੂਬੀਆਂ ਨੂੰ ਪੇਸ਼ ਕਰੋ ਅਤੇ ਉਹ ਉਦੋਂ ਹੀ ਪੇਸ਼ ਹੋ ਸਕਦੀਆਂ ਹਨ ਜੱਦ ਆਪ ਗਿਆਨ ਹੋਵੇ । ਆਪਣੇ ਗਿਆਨ ਨੂੰ ਵਧਾਓ । ਅਤੇ ਦੂਜਾ ਫ਼ਰਮਾਇਆ ਨੇਕ ਨਮੂਨਿਆਂ ਰਾਹੀਂ ਆਰਪਣੇ ਵੱਲ ਆਕਰਸ਼ਤ ਕਰੋ ਤਾਂ ਜੋ ਲੋਕ ਸਾਡੀ ਵੱਲ ਆਉਣ ।

ਸੋ, ਇਹ ਹਰ ਅਹਮਦੀ ਦੀ ਬਹੁਤ ਵੱਡੀ ਜ਼ਿੰਮੇਦਾਰੀ ਹੈ ਕਿ ਦੀਨ (ਧਰਮ) ਦੀਆਂ ਨਿੱਜੀ ਖ਼ੂਬੀਆਂ ਨੂੰ ਪੇਸ਼ ਕਰਨ ਲਈ ਕੁਰਆਨ ਕਰੀਮ ਦੀ ਸਿੱਖਿਆ ਹਾਸਲ ਕਰਨ ਅਤੇ ਫਿਰ ਆਪਣੇ ਨੇਕ ਨਮੂਨੇ ਕਾਇਮ ਕਰਕੇ ਦੁਨੀਆ ਨੂੰ ਆਪਣੀ ਵੱਲ ਖਿਚੱਣ ਅਤੇ ਇਹੋ ਹੀ ਗਿਆਨ ਤੇ ਕਰਮ ਹੈ ਜਿਸ ਨਾਲ ਇਸ ਜੁੱਗ ਵਿੱਚ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਅਧੀਨਤਾ ਵਿੱਚ ਆਉਂਦਿਆਂ ਹੋਇਆਂ ਕੁਰਆਨ ਕਰੀਮ ਤੇ ਇਸਲਾਮ ਦੀ ਸੁਰੱਖਿਆ ਦੇ ਕੰਮ ਵਿੱਚ ਭਾਗੀਦਾਰ ਬਣ ਸਕਦੇ ਹਾਂ ਅਤੇ ਦੁਨੀਆਂ ਨੂੰ ਦੱਸ ਸਕਦੇ ਹਾਂ ਕਿ ਜੇਕਰ ਦੁਨੀਆ ਵਿੱਚ ਅਮਨ ਕਾਇਮ ਕਰਨਾ ਹੈ ਤਾਂ ਕੁਰਆਨ ਕਰੀਮ ਰਾਹੀਂ ਹੀ ਕਾਇਮ ਹੋ ਸਕਦਾ ਹੈ । ਕੁਰਆਨ ਕਰੀਮ ਨੇ ਇਸਲਾਮ ਨ ਕੁਬੂਲ ਕਰਨ ਵਾਲਿਆਂ ਦਾ ਚਿਤੱਰ ਇਕ ਥਾਂ ਇਹਨਾਂ ਸ਼ਬਦਾਂ ਵਿੱਚ ਖਿੱਚਿਆ ਹੈ ਕਿ : "ਵਕਾਲੂ ਇੰਨ ਨਤੱਬਿਇਲ ਹੁਦਾ ਮਾਆਕਾ ਨੁਤਾਖ਼ਤੱਫ਼ ਮਿਨ ਅਰਜ਼ਿਨਾ" (ਸੂਰਤੁਲ ਕਸਸ–57) (وَقَالُوْٓا اِنْ نَّتَّبِعِ الْهُدٰى مَعَكَ نُتَخَطَّفْ مِنْ اَرْضِنَا) ਅਰਥ : ਅਤੇ ਉਹ ਕਹਿੰਦੇ ਹਨ ਕਿ ਅਸੀਂ ਇਸ ਸੁਮਾਰਗ ਦਾ ਜੋ ਤੇਰੇ ਉਪੱਰ ਉਤਰਿਆ ਹੈ ਪੈਰ੍ਹਵੀ ਕਰੀਏ ਤਾਂ ਆਪਣੇ ਹੀ ਦੇਸ਼ ਵਿੱਚੋਂ ਖੋਹ ਲਏ ਜਾਈਏ । ਸੋ, ਇਸਲਾਮ ਦੀ ਸਿੱਖਿਆ ਉਪੱਰ ਇਤਰਾਜ਼ ਇਸ ਲਈ ਨਹੀਂ ਹੈ ਕਿ ਜੁਲਮ ਤੇ ਜਬਰ ਦੀ ਸਿੱਖਿਆ ਹੈ ਸਗੋਂ ਇਸਲਾਮ ਨ ਕੁਬੂਲ ਕਰਨ ਵਾਲੇ ਇਸਲਾਮ ਦੀ ਸਿੱਖਿਆ ਉਪੱਰ ਜੋ ਇਤਰਾਜ਼ ਕਰ ਰਹੇ ਹਨ ਉਹ ਇਹ ਹੈ ਕਿ ਜੇਕਰ ਅਸੀਂ ਤੇਰੀ ਸਿੱਖਿਆ ਉਪੱਰ ਅਮਲ ਕਰੀਏ ਜੋ ਕਿ ਅਮਨ ਤੇ ਸ਼ਾਂਤੀ ਵਾਲੀ ਸਿੱਖਿਆ ਹੈ, ਸਲਾਮਤੀ ਵਾਲੀ ਸਿੱਖਿਆ ਹੈ ਤਾਂ ਆਲੇ ਦੁਆਲੇ ਦੀਆਂ ਕੌਮਾ ਸਾਨੂੰ ਬਰਬਾਦ ਕਰ ਦੇਣ । ਸੋ, ਇਸਲਾਮ ਦੀ ਸਿੱਖਿਆ ਤਾਂ ਮਿਤੱਰਤਾ ਦਾ ਹੱਥ ਵਧਾਉਂਣ ਦੀ ਸਿੱਖਿਆ ਹੈ ਅਮਨ ਤੇ ਸਲਾਮਤੀ ਕਾਇਮ ਕਰਨ ਦੀ ਸਿੱਖਿਆ ਹੈ, ਅਮਨ ਤੇ ਪ੍ਰੇਮ ਦਾ ਸੰਦੇਸ਼ ਦੇਣ ਦੀ ਸਿੱਖਿਆ ਹੈ । ਜੇਕਰ ਕੁਝ ਮੁਸਲਮਾਨ ਜੱਥੇ ਅਮਲ ਨਹੀਂ ਕਰਦੇ ਤਾਂ ਉਹਨਾਂ ਦੀ ਬਦਕਿਸਮਤੀ ਹੈ । ਇਹਨਾਂ ਲੋਕਾਂ ਨੇ ਆਪਣੇ ਹਿਤਾਂ ਲਈ ਦੁਨੀਆ ਵਿੱਚ ਆਪਣੀ ਭੂਗੋਲਕ ਤੇ ਰਾਜਨੀਤਕ ਲੀਡ (ਬੜ੍ਹਤ) ਪ੍ਰਾਪਤ ਕਰਨ ਲਈ ਫ਼ਸਾਦ ਪੈਦਾ ਕੀਤੇ ਹੋਏ ਹਨ । ਮੁਸਲਮਾਨ ਦੇਸ਼ਾਂ ਦੇ ਫ਼ਸਾਦਾਂ ਵਿੱਚ ਵੀ ਕੁਝ ਵੱਡੇ ਦੇਸ਼ਾਂ ਦਾ ਭਾਗ ਹੈ

ਅਤੇ ਹੁਣ ਤਾਂ ਵੱਖ ਵੱਖ ਪਛੱਮੀ ਮੀਡੀਆ ਉਪੱਰ ਇਹਨਾਂ ਦੇ ਆਪਣੇ ਹੀ ਲੋਕ ਕਹਿਣ ਲੱਗ ਪਏ ਹਨ ਕਿ ਮੁਸਲਮਾਨਾਂ ਦੀਆਂ ਇਹ ਕਟੱੜਪੰਥੀ ਤੰਜ਼ੀਮਾਂ ਸਾਡੀਆਂ ਹੁਕੂਮਤਾਂ ਦੀ ਪੈਦਾਵਾਰ ਹਨ ਜੋ ਅਸੀਂ ਇਰਾਕ ਦੀ ਜੰਗ ਮਗਰੋਂ ਜਾਂ ਸ਼ਾਮ (ਸੀਰੀਆ) ਦੇ ਹਾਲਾਤਾਂ ਦੇ ਬਾਦ ਪੈਦਾ ਕੀਤੀਆਂ ਹਨ । ਇਸ ਗੱਲ ਤੋਂ ਮੈਂ ਮੁਸਲਮਾਨਾਂ ਅਤੇ ਉਹਨਾਂ ਲੋਕਾਂ ਨੂੰ ਜੋ ਇਸਲਾਮ ਦੇ ਨਾਂ'ਤੇ ਮੁਸਲਮਾਨ ਅਖਵਾਉਂਦਿਆਂ ਹੋਇਆਂ ਕਟੱੜਪੰਥੀ ਦਾ ਅਤੇ ਇਸਲਾਮ ਦੀ ਗ਼ਲਤ ਸਿੱਖਿਆ ਦੇ ਪ੍ਰਗਟਾਵੇ ਦਾ ਮੁਜ਼ਾਹਰਾ ਕਰ ਰਹੇ ਹਨ ਮੁਕਤ ਨਹੀਂ ਕਰਦਾ, ਪਰ ਇਸ ਅੱਗ ਨੂੰ ਭੜਕਾਉਣ ਵਿੱਚ ਮਹਾਂਸ਼ਕਤੀਆਂ ਦਾ ਬਹਿਰਹਾਲ ਹੱਥ ਹੈ । ਹੁਣ ਵੀ ਇਕ ਪਾਸੇ ਤਾਂ ਕਟੱੜਪੰਥੀਆਂ ਨੂੰ ਖ਼ਤਮ ਕਰਨ ਦੀਆਂ ਗੱਲਾਂ ਹੁੰਦੀਆਂ ਹਨ, ਉਹਨਾਂ'ਤੇ ਬੰਬ ਸੁੱਟੇ ਜਾਂਦੇ ਹਨ ਅਤੇ ਦੂਜੇ ਪਾਸੇ ਉਹਨਾਂ ਨੂੰ ਅਸਲਾਹ ਪਹੁੰਚਾਉਣ ਵਾਲਿਆਂ ਅਤੇ ਗ਼ਲਤ ਢੰਗਾ ਰਾਹੀਂ ਮਾਲ ਪਹੁੰਚਾਉਣ ਵਾਲਿਆਂ ਜਾਂ ਆਰਥਕ ਟ੍ਰਾਂਜ਼ੈਕਸ਼ਨ ਕਰਨ ਵਾਲਿਆਂ ਵੱਲੋਂ, ਇਹਨਾਂ ਲੋਕਾਂ ਨੂੰ ਜਾਣਕਾਰੀ ਹੁੰਦਿਆਂ ਹੋਇਆਂ ਵੀ ਕਿਵੇਂ ਇਹ ਸਭ ਕੁਝ ਹੋ ਰਿਹਾ ਹੈ, ਅਖੱਾਂ ਬੰਦ ਕੀਤੀਆਂ ਹੋਈਆਂ ਹਨ ।

ਸੋ, ਦੁਨੀਆ ਦੇ ਅਮਨ ਤੇ ਸਲਾਮਤੀ ਨੂੰ ਬਰਬਾਦ ਕਰਨ ਵਾਲੇ ਕੇਵਲ ਇਹ ਮੁਸਲਮਾਨ ਜੱਥੇਬੰਦੀਆਂ ਹੀ ਨਹੀਂ ਹਨ ਜੋ ਇਸਲਾਮੀ ਸਿੱਖਿਆ ਦੇ ਵਿਰੁਧ ਚਲਦਿਆਂ ਹੋਇਆਂ ਜ਼ੁਲਮ ਤੇ ਫ਼ਸਾਦ ਕਰ ਰਹੇ ਹਨ, ਸਗੋਂ ਮਹਾਂਸ਼ਕਤੀਆਂ ਵੀ ਹਨ ਜੋ ਆਪਣੇ ਹਿਤਾਂ ਨੂੰ ਪਹਿਲ ਦਿੰਦੀਆਂ ਹਨ ਅਤੇ ਦੁਨੀਆ ਦੀ ਸ਼ਾਂਤੀ ਉਹਨਾਂ ਅਨੁਸਾਰ ਪੂਰਕ ਤੇ ਸੈਕੰਡਰੀ ਚੀਜ਼ ਹੈ । ਇਕ ਹਕੀਕੀ ਮੁਸਲਮਾਨ ਤਾਂ ਇਹ ਜਾਣਦਾ ਹੈ ਕਿ ਰੱਬ ਸਲਾਮ ਹੈ (ਸਲਾਮਤੀ ਦੇਣ ਵਾਲਾ ਹੈ) ਉਹ ਆਪਣੀ ਮਖ਼ਲੂਕ ਲਈ ਸਲਾਮਤੀ ਚਾਹੁੰਦਾ ਹੈ ਅਤੇ ਵਾਸਤਵਿਕ ਮੁਸਲਮਾਨਾਂ ਵਿੱਚ ਨਿਸ਼ਚੇ ਹੀ ਅਹਮਦੀ ਹੀ ਹਨ ਜੋ ਇਸ ਗੱਲ ਦਾ ਗਿਆਨ ਰਖੱਦੇ ਹਨ ਕਿ ਰੱਬ ਨੇ ਮਨੁੱਖ ਨੂੰ ਸਲਾਮਤੀ ਦੇਣ ਅਤੇ ਦੁਨੀਆਂ ਵਿੱਚ ਅਮਨ ਤੇ ਸਲਾਮਤੀ ਕਾਇਮ ਰਖੱਣ ਲਈ ਕਿੰਨ੍ਹੇ ਆਦੇਸ਼ ਦਿੱਤੇ ਹਨ ਕਿੰਨ੍ਹਾ ਮਾਰਗਦਰਸ਼ਨ ਕੀਤਾ ਹੈ । ਰੱਬ ਕੁਰਆਨ ਕਰੀਮ ਵਿੱਚ ਇਕ ਥਾਂ ਫ਼ਰਮਾਉਂਦਾ ਹੈ : "ਵਕੀਲਿਹੀ ਯਾ ਰੱਬਿ ਇਨੱਾ ਹਾਉਲਾਇ ਕੌਮੁਨ ਲਾ ਯੂਮਿਨੂਨ 0 ਫ਼ਸਫ਼ਹ ਅਨਹੁਮ ਵਕੁਲ ਸਲਾਮ, ਫ਼ਸੌਫ਼ਾ ਯਾਲਾਮੂਨ" (ਸੂਰਤੁਲ ਜ਼ੁਖ਼ਰੁਫ਼-88) (وَقِيۡلِهٖ يٰرَبِّ اِنَّ هٰٓؤُلَآءِ قَوۡمٌ لَّا يُؤۡمِنُوۡنَ ﴿۸۸﴾ فَاصۡفَحۡ عَنۡهُمۡ وَقُلۡ سَلٰمٌ ؕ فَسَوۡفَ يَعۡلَمُوۡنَ ﴿۸۹﴾ الزخرف:۸۸) ਅਰਥ : ਅਤੇ ਜੱਦ ਉਸ ਨੇ ਕਿਹਾ ਕਿ ਹੇ, ਮੇਰੇ ਰੱਬ, ਇਹ ਲੋਕ ਈਮਾਨ ਨਹੀਂ ਲਿਆਉਂਦੇ ਤਾਂ ਰੱਬ ਫ਼ਰਮਾਉਂਦਾ ਹੈ ਕਿ ਸੋ, ਤੂੰ ਉਹਨਾਂ ਨੂੰ ਦਰਗੁਜ਼ਰ (ਖਿਮਾ) ਕਰ ਅਤੇ ਇੰਨ੍ਹਾ ਕਹਿ ਦੇ ਕਿ ਸਲਾਮ, ਤੁਹਾਡੇ'ਤੇ ਸਲਾਮਤੀ ਹੋਵੇ । ਸੋ, ਉਹ ਛੇਤੀ ਹੀ ਜਾਣ ਜਾਣਗੇ ਕਿ ਹਕੀਕਤ ਕੀ ਹੈ ਇਸਲਾਮ ਕੀ ਹੈ ।

ਸੋ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੂੰ ਕੁਰਆਨ ਕਰੀਮ ਵਿੱਚ ਰੱਬ ਨੇ ਇਹ ਹੁਕੁਮ ਦਿੱਤਾ ਕਿ ਇਸਲਾਮ ਵਿਰੋਧੀਆਂ ਦੀ ਸਾਰੀਆਂ ਵਧੀਕੀਆ ਦੇਖਕੇ ਅਤੇ ਸਹਿਨ ਕਰਕੇ ਕੇਵਲ ਇਹ ਉਤੱਰ ਦੇਵੇ ਕਿ ਮੈਂ ਤੁਹਾਨੂੰ ਸਲਾਮਤੀ ਦਾ ਸੰਦੇਸ਼ ਦਿੰਦਾ ਹਾਂ ਅਤੇ ਦਿੰਦਾ ਰਹਾਂਗਾ ਤਾਂ ਜੋ ਦੁਨੀਆ ਵਿੱਚ ਅਮਨ ਕਾਇਮ ਹੋਵੇ । ਸੋ, ਜੱਦ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਲਈ ਇਹ ਆਦੇਸ਼ ਹੈ ਤਾਂ ਫਿਰ ਹਰ ਮੁਸਲਮਾਨ ਲਈ ਇਹ ਅਦੇਸ਼ ਕਿੰਨ੍ਹਾ ਜ਼ਰੂਰੀ ਹੈ । ਅੱਜ ਜੱਦ ਇਹ ਅਵਸਥਾ ਹੈ ਤਾਂ ਸਾਡਾ ਇਰੋ ਫ਼ਰਜ਼ ਹੈ ਕਿ ਉਸੇ ਪ੍ਰਕਾਰ ਸੰਦੇਸ਼ ਪਹੁੰਚਾਈਏ । ਸਾਡਾ ਕੰਮ ਅਮਨ ਤੇ ਸਲਾਮਤੀ ਦਾ ਸੰਦੇਸ਼ ਪਹੁੰਚਾਉਂਣਾ ਹੈ । ਇਕ ਹਕੀਕੀ ਮੁਸਲਮਾਨ ਅਤੇ ਰਹਿਮਾਨ ਰੱਬ ਦੇ ਬੰਦੇ ਦੀ ਪਛਾਣ ਹੀ ਰੱਬ ਨੇ ਇਹੋ ਦੱਸੀ ਹੈ ਕਿ : "ਵ ਇਜ਼ਾ ਖ਼ਤਾਬਾਹੁਮੁਲ ਜਾਹਿਲੂਨਾ ਕਾਲੂ ਸਲਾਮਾ" (ਸੂਰਾਤੁਲ ਲਫ਼ੁਰਕਾਨ-63) (وَّاِذَا خَاطَبَهُمُ الۡجٰهِلُوۡنَ قَالُوۡا سَلٰمًا ﴿الفرقان: ۶۳﴾) ਅਤੇ ਜੱਦ ਜਾਹਲ ਲੋਕ ਉਹਨਾਂ ਨਾਲ ਲੜਦੇ ਹਨ ਤਾਂ ਉਹ ਬਜਾਏ ਲੜਨ ਦੇ ਕਹਿੰਦੇ ਹਨ, ਅਸੀਂ ਤੁਹਾਡੇ ਲਈ ਸਲਾਮਤੀ ਦੀ ਦੁਆ ਕਰਦੇ ਹਾਂ ।

ਸੋ, ਇਹ ਕੁਰਆਨ ਕਰੀਮ ਦੀ ਸਿੱਖਿਆ ਹੈ ਅਤੇ ਇਹੋ ਸਿੱਖਿਆ ਹੈ ਜੋ ਹਰ ਪਧੱਰ'ਤੇ ਅਮਨ ਤੇ ਸਲਾਮਤੀ ਕਾਇਮ ਕਰਨ ਤੇ ਉਸ ਲਈ ਜਤਨ ਕਰਨ ਦਾ ਆਦੇਸ਼ ਦਿੰਦੀ ਹੈ । ਸਾਡੇ ਵਿੱਚੋਂ ਹਰ ਇਕ ਨੂੰ ਅਤੇ ਵਿਸ਼ੇਸ਼ ਰੂਪ ਵਿੱਚ ਨੌਜੁਆਨਾਂ ਨੂੰ ਕਿਸੇ ਵੀ ਪ੍ਰਕਾਰ ਦੀ ਹੀਨ ਭਾਵਨਾ ਦਾ ਸ਼ਿਕਾਰ ਹੋਣ ਦੀ ਲੋੜ ਨਹੀਂ ਹੈ । ਇਹ ਇਸਲਾਮ ਹੈ ਅਤੇ ਕੇਵਲ ਇਸਲਾਮ ਹੈ ਜੋ ਦੁਨੀਆ ਵਿੱਚ ਅਮਨ ਤੇ ਸਲਾਮਤੀ ਦੀ ਜ਼ਮਾਨਤ ਬਣ ਸਕਦਾ ਹੈ ਅਤੇ ਇਹ ਕੁਰਆਨ ਕਰੀਮ ਹੈ ਅਤੇ ਕੇਵਲ ਕੁਰਆਨ ਕਰੀਮ ਹੀ ਹੈ ਜੋ ਅਮਨ ਤੇ ਸਲਾਮਤੀ ਫੈਲਾਉਣ ਤੇ ਕਟੱੜਪੰਥੀ ਦੇ ਖ਼ਾਤਮੇ ਦੀ ਸਿੱਖਿਆ ਦਿੰਦਾ ਹੈ ।

ਸੋ ਇਸ ਸਿੱਖਿਆ ਦਾ ਗਿਆਨ ਪ੍ਰਾਪਤ ਕਰਨ ਦੀ ਹਰ ਇਕ ਨੂੰ ਲੋੜ ਹੈ ਇਸ ਸਿੱਖਿਆ ਨੂੰ ਆਪਣੇ ਉਪੱਰ ਲਾਗੂ ਕਰਨ ਦੀ ਲੋੜ ਹੈ । ਇਸ ਸਿੱਖਿਆ ਉਪੱਰ ਅਮਲ ਕਰੋ ਅਤੇ ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਹੈ ਕਿ ਆਪਣੇ ਅਮਲੀ ਨਮੂਨਿਆਂ ਰਾਹੀਂ ਦੁਨੀਆਂ ਨੂੰ ਦੱਸੋ ਕਿ ਅੱਜ ਕੁਰਆਨ ਕਰੀਮ ਦੀ ਸੁਰੱਖਿਆ ਦੇ ਕੰਮ ਲਈ ਰੱਬ ਨੇ ਸਾਨੂੰ ਸੰਜੋਗ ਪ੍ਰਦਾਨ ਕੀਤਾ ਹੈ ਇਹ ਉਸ ਦੀ ਮਿਹਰ ਹੈ । ਕੁਰਆਨ ਕਰੀਮ ਦੀ ਸਹੀ ਵਿਆਖਿਆ ਅਤੇ ਵਿਸਥਾਰ ਹੀ ਇਸ ਦਾ ਅਰਥ ਰੂਪ ਸੁਰੱਖਿਆ ਵੀ ਹੈ ਜਿਸ ਦੇ ਲਈ ਰੱਬ ਨੇ ਇਸ ਜੁੱਗ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਭੇਜਿਆ ਹੈ ਅਤੇ ਸਾਨੂੰ ਆਪ ਅਲੈਹਿ ਸਲਾਮ ਨੂੰ ਮਨੰਣ ਦੀ ਤੌਫ਼ੀਕ ਦੇਕੇ ਇਸ ਕੰਮ ਲਈ ਚੁਣ ਲਿਆ ਹੈ । ਸੋ, ਇਹ ਸੁੰਦਰ ਸਿੱਖਿਆ ਦੁਨੀਆ ਵਿੱਚ ਫੈਲਾਉਣ ਦਾ ਕੰਮ ਨੇਪਰੇ ਚਾੜ੍ਹਨਾ ਹਰ ਅਹਮਦੀ ਦਾ ਕਰਤਵ ਹੈ ਅਤੇ ਇਸ ਕਰਤਵ ਨੂੰ ਪੂਰਾ ਕਰਨ ਲਈ ਹਰ ਅਹਮਦੀ ਲੜਕੇ ਲੜਕੀ ਪੁਰੁਸ਼ ਇਸਤਰੀ ਨੂੰ ਜਤਨ ਕਰਨਾ ਚਾਹੀਦਾ ਹੈ । ਦੁਨੀਆ ਇਸ ਸਮੇਂ ਅੱਗ ਦੇ ਢੇਰ ਦੇ ਜਿਸ ਕੰਢੇ ਉਪੱਰ ਖੜੀ ਹੈ ਉਹ ਕਿਸੇ ਸਮੇਂ ਵੀ ਅਜਿਹੇ ਹਾਲਾਤ ਹੋ ਸਕਦੇ ਹਨ ਕਿ ਉਹ ਇਸ ਵਿੱਚ ਡਿੱਗ ਜਾਣ । ਅਜਿਹੇ ਸਮੇਂ ਦੁਨੀਆ ਨੂੰ ਇਸ ਅੱਗ ਵਿੱਚ ਡਿਗੱਣ ਤੋਂ ਬਚਾਉਣ ਦਾ ਜਤਨ ਕਰਨਾ ਅਤੇ ਅਮਨ ਤੇ ਸਲਾਮਤੀ ਦੇਣ ਦਾ ਕੰਮ ਕਰਨਾ ਇਕ ਅਹਮਦੀ ਦੀ ਜ਼ਿੰਮੇਦਾਰੀ ਹੈ ਅਤੇ ਅਹਮਦੀ ਹੀ ਕਰ ਸਕਦੇ ਹਨ ।

ਸੋ, ਇਸ ਲਈ ਜਤਨਾਂ ਦੀ ਲੋੜ ਹੈ ਅਤੇ ਸਭ ਤੋਂ ਵੱਡੀ ਚੀਜ਼ ਇਸ ਮੰਤਵ ਨੂੰ ਹਾਸਲ ਕਰਨ ਲਈ ਰੱਬ ਨਾਲ ਵਿਸ਼ੇਸ਼ ਸੰਬੰਧ ਪੈਦਾ ਕਰਨਾ ਹੈ ਅਤੇ ਉਸ ਅੱਗੇ ਝੁਕਣਾ ਹੈ ਉਸਦਾ 'ਤਕਵਾ' (ਸੰਜਮਤਾ) ਧਾਰਣ ਕਰਨਾ ਹੈ, ਉਸ ਦੀ ਸੰਜਮਤਾ ਆਪਣੇ ਮਨਾਂ ਵਿੱਚ ਪੈਦਾ ਕਰਨੀ ਹੈ ਤਾਂ ਹੀਂ ਅਸੀਂ ਆਪਣੇ ਆਪ ਨੂੰ ਅਤੇ ਆਪਣੀਆ ਨਸਲਾਂ ਨੂੰ ਵੀ ਅਤੇ ਦੁਨੀਆ ਨੂੰ ਵੀ ਅਮਨ ਅਤੇ ਸਲਾਮਤੀ ਦੇ ਸਕਦੇ ਹਾਂ । ਅਜਿਹੇ ਮੌਕਿਆਂ ਲਈ ਇਹਨਾ ਹਾਲਾਤਾਂ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਸੀ ਕਿ :

ਆਗ ਹੈ ਪਰ ਆਗ ਸੇ ਵੋਹ ਸਬ ਬਚਾਏ ਜਾਏਂਗੇ          ਜੋ ਕਿ ਰਖੱਤੇ ਹੈਂ ਖ਼ੁਦਾਏ ਜ਼ੁਲਅਜਾਇਬ ਸੇ ਪਿਆਰ

ਸੋ, ਉਸ ਜ਼ੁਲਅਜਾਇਬ ਅਤੇ ਸਰਬਸ਼ਕਤੀਮਾਨ ਰੱਬ ਨਾਲ ਪਕੱਾ ਸੰਬੰਧ ਜੋੜਨ ਦੀ ਲੋੜ ਹੈ ਅਤੇ ਰੱਬ ਨਾਲ ਪਿਆਰ ਵਿੱਚ ਅਗਾਂਹ ਵਧੱਣ ਦਾ ਹਮੇਸ਼ਾ ਹੀ ਤਜਨ ਕਰਨਾ ਚਾਹੀਦਾ ਹੈ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਦੁਨੀਆਦਾਰਾਂ ਨੂੰ ਵੀ ਅਕਲ ਪ੍ਰਦਾਨ ਕਰੇ ਕਿ ਉਹ ਰੱਬ ਦੀ ਅਵਾਜ਼ ਨੂੰ ਸੁਨਣ ਅਤੇ ਆਪਣਾ ਸੁਧਾਰ ਕਰਨ ਦਾ ਜਤਨ ਕਰਨ ਅਤੇ ਤਬਾਹੀ ਦੀ ਅੱਗ ਵਿੱਚ ਡਿਗੱਣ ਤੋਂ ਬਚਣ ।

ਜੁਮਏ ਦੇ ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਇਕ ਜਨਾਜ਼ਾ ਹਾਜ਼ਰ ਤੇ ਦੋ ਜਨਾਜ਼ੇ ਗ਼ਾਇਬ ਪੜ੍ਹਾਉਣ ਦਾ ਐਨਾਲ ਕੀਤਾ । ਜਨਾਜ਼ਾ ਹਾਜ਼ਰ ਮੁਕਰੱਮ ਇਨਾਇਤੁਲੱਾਹ ਅਹਮਦੀ ਸਾਹਬ ਦਾ ਸੀ ਜੱਦ ਕਿ ਦੂਜਾ ਜਨਾਜ਼ਾ ਗ਼ਾਇਬ ਮੌਲਵੀ ਬਸ਼ੀਰ ਅਹਮਦ ਕਾਲਾ ਅਫ਼ਗ਼ਾਨਾ ਦਰਵੇਸ਼ ਕਾਦੀਆਂ ਦਾ ਸੀ ਅਤੇ ਤੀਜਾ ਮੁਕਰੱਮਾ ਕਾਨਿਤਾ ਬੇਗ਼ਮ ਸਾਹਿਬਾ ਮਾਤਾ ਮੁਹਤਰਮ ਡਾਕਟਰ ਤਾਰਿਕ ਅਹਮਦ ਸਾਹਬ ਇੰਚਾਰਜ ਨੂਰ ਹਸਪਤਾਲ ਕਾਦੀਆਂ ਦਾ ਸੀ ਹਜ਼ੂਰ ਅਨਵਰ ਨੇ ਤਿੰਨਾ ਹੀ ਮਰਹੂਮੀਨ ਦਾ ਵਰਨਣ ਕਰਦਿਆਂ ਹੋਇਆਂ ਉਹਨਾਂ ਦੀ ਮਗ਼ਫਿਰਤ ਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ ।

**Khulasa Khutba 11.12.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131